ARCH Disability Law Centre

425 Bloor Street East, Suite 110
Toronto, Ontario M4W 3R5
www.archdisabilitylaw.ca

(416) 482-8255 (Main) 1 (866) 482-ARCH (2724) (Toll Free)
(416) 482-1254 (TTY) 1 (866) 482-ARCT (2728) (Toll Free)
(416) 482-2981 (FAX) 1 (866) 881-ARCF (2723) (Toll Free)

2008/07

# ਵਿਤਕਰਾ ਅਤੇ ਲੋਕ ਜੋ ਮਾਸਨਕ ਸਹਿਤ ਸੇਵਾਵਾਂ ਅਤੇ ਸਹਾਇਤਾ ਦੀ ਵਰਤੋਂ ਕਰਦੇ ਹਨ

ਜੇ ਤੁਸੀਂ ਫ਼ੈਮਲੀ ਡਾਕਟਰ, ਨਰਸ, ਸਾਈਕਿਆਟ੍ਰਿਸਟ (ਮਾਨਸਕ ਰੋਗਾਂ ਦਾ ਇਲਾਜ ਕਰਨ ਵਾਲਾ), ਮਨੋਵਿਗਿਆਨੀ ਜਾਂ ਇਹੋ ਜਿਹੇ ਕਿਸੇ ਹੋਰ ਵਿਅਕਤੀ ਵੱਲੋਂ ਮੁਹੱਈਆ ਕੀਤੀਆਂ ਜਾਂਦੀਆਂ ਮਾਨਸਕ ਸਿਹਤ ਸੇਵਾਵਾਂ ਅਤੇ ਸਹਾਇਤਾ ਦੀ ਵਰਤੋਂ ਹੁਣ ਕਰਦੇ ਹੋਵੋ ਜਾਂ ਪਹਿਲਾਂ ਕਰਦੇ ਰਹੇ ਹੋਵੋ, ਤਾਂ ਤੱਥਾਂ ਦੀ ਇਸ ਸ਼ੀਟ ਦਾ ਮੰਤਵ ਤੁਹਾਡੀ ਮਦਦ ਕਰਨਾ ਹੈ। ਇਹ ਇਸ ਕਰ ਕੇ ਵੀ ਲਾਹੇਵੰਦ ਹੈ ਜੇ:

- ਤੁਹਾਡੀ ਮਾਨਸਕ ਸਿਹਤ ਨਾਲ ਸੰਬੰਧਤ ਵਰਤਾਉ ਕਾਰਨ ਤੁਹਾਨੂੰ ਰੈਸਟੋਰੈਂਟ ਜਾਂ ਕਿਸੇ ਹੋਰ ਕਾਰੋਬਾਰ ਵਾਲੀ ਜਗ੍ਹਾ ਨੂੰ ਛੱਡ ਕੇ ਜਾਣ ਲਈ ਕਿਹਾ ਜਾਂਦਾ ਹੈ।
- ਤੁਹਾਨੂੰ ਨੌਕਰੀ ਲਈ ਭਰਤੀ ਨਹੀਂ ਕੀਤਾ ਗਿਆ ਜਾਂ ਤੁਹਾਡੇ ਬੌਸ ਨੇ ਨੌਕਰੀ 'ਤੇ ਤੁਹਾਨੂੰ ਤਰੱਕੀ ਨਹੀਂ ਦਿੱਤੀ; ਕਿਉਂਕਿ ਤੁਸੀਂ ਮਾਨਸਕ ਬਿਮਾਰੀ ਦੇ ਸ਼ਿਕਾਰ ਰਹੇ ਹੋ।
- ਮਾਨਸਕ ਰੋਗ ਕਾਰਨ ਤੁਹਾਡੀ ਅਯੋਗਤਾ ਕਰ ਕੇ ਤੁਹਾਡੇ ਨਾਲ ਕੰਮ ਕਰਦੇ ਕਰਮਚਾਰੀਆਂ ਵੱਲੋਂ ਕੰਮ 'ਤੇ ਤੁਹਾਨੂੰ ਪਰੇਸ਼ਾਨ ਕੀਤਾ ਗਿਆ ਹੋਵੇ;
- ਤੁਹਾਨੂੰ ਮਾਲਕ ਮਕਾਨ ਨੇ ਤੁਹਾਨੂੰ (ਰਹਿਣ ਲਈ) ਜਗ੍ਹਾ ਕਿਰਾਏ 'ਤੇ ਦੇਣ ਤੋਂ ਨਾ ਕੀਤੀ ਹੋਵੇ;ਕਿਉਂਕਿ ਤੁਸੀਂ ਮਾਨਸਕ ਬਿਮਾਰੀ ਦੇ ਸ਼ਿਕਾਰ ਰਹੇ ਹੋ।
- ਕੋਈ ਵੀ ਸਰਕਾਰ-ਸਮੇਤ ਅਜਿਹੀ ਫੈਡਰਲ, ਪਰਾਂਤਕ ਜਾਂ ਸਥਾਨਕ ਸਰਕਾਰ ਦੇ, ਜਿਸ ਅੰਦਰ ਤੁਸੀਂ ਰਹਿੰਦੇ ਹੋਵੋ, ਤੁਹਾਡੀ ਮਾਨਸਕ ਅਯੋਗਤਾ ਕਰਕੇ ਤੁਹਾਡੇ ਨਾਲ ਨਿਆਂਪੂਰਨ ਵਰਤਾਉ ਨਹੀਂ ਕਰਦੀ।
- ਮਾਨਸਕ ਰੋਗ ਕਾਰਨ ਤੁਹਾਡੀ ਅਯੋਗਤਾ ਕਰ ਕੇ ਕੋਈ ਕਨੂੰਨ ਜਾਂ ਸਰਕਾਰ ਤੁਹਾਡੇ ਨਲ ਨਿਆਂਪੂਰਨ ਵਰਤਾਉ ਨਹੀਂ ਕਰਦੀ;
- ਤੁਹਾਡੇ ਨਾਲ ਨਿਆਂਪੂਰਨ ਵਰਤਾਉ ਇਸ ਕਰ ਕੇ ਨਹੀਂ ਕੀਤਾ ਗਿਆ ਕਿਉਂਕਿ ਕਿਸੇ ਦੀ ਸਮਝ ਅਨੁਸਾਰ ਤੁਹਾਡੀ ਮਾਨਸਕ ਸਿਹਤ ਦਾ ਮਸਲਾ ਹੈ ਜਦੋਂ ਕਿ ਤੁਹਾਨੂੰ ਕੋਈ ਅਜਿਹਾ ਮਸਲਾ ਨਹੀਂ 'ਤੇ ਨਾ ਹੀ ਤੁਸੀਂ ਇਸ ਰੋਗ ਦਾ ਕੋਈ ਲੱਛਣ ਮਹਿਸੂਸ ਕਰਦੇ ਹੋ; ਜਾਂ
- ਕਈ ਹੋਰ ਅਜਿਹੀਆਂ ਹਾਲਤਾਂ

**ਇਹ ਜਾਣਨਾ ਜ਼ਰੂਰੀ ਹੈ ਕਿ ਮਾਨਸਕ ਸਿਹਤ ਦਾ ਮਸਲਾ ਇੱਕ ਕਿਸਮ ਦੀ ਅਯੋਗਤਾ ਹੁੰਦੀ ਹੈ ਅਤੇ ਮਨੁੱਖ ਹੋਣ ਦੇ ਨਾਤੇ ਤੁਹਾਡੇ ਅਧਿਕਾਰ ਓਹੋ ਜਿਹੇ ਹੀ ਹਨ ਜਿਵੇਂ ਕਿ ਕਿਸੇ ਹੋਰ ਕਿਸਮ ਦੀ ਅਯੋਗਤਾ ਵਾਲੇ ਵਿਅਕਤੀ ਦੇ ਹੁੰਦੇ ਹਨ।**

**ਤੁਹਾਡੇ ਮਾਨਸਕ ਸਿਹਤ ਦੇ ਮਸਲਿਆਂ ਕਾਰਨ ਤੁਹਾਡੇ ਵਿਰੁੱਧ ਵਿਤਕਰਾ ਨਹੀਂ ਕੀਤਾ ਜਾ ਸਕਦਾ ਜਾਂ ਤੁਹਾਨੂੰ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ।**

**ਇਸ ਕਾਰਨ ਤੁਹਾਡੇ ਵਿਰੁੱਧ ਵਿਤਕਰਾ ਨਹੀਂ ਕੀਤਾ ਜਾ ਸਕਦਾ ਜਾਂ ਤੁਹਾਨੂੰ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਤੁਸੀਂ ਹੁਣ ਜਾਂ ਪਹਿਲਾਂ ਕਦੇ ਸਾਈਕਿਆਟ੍ਰਿਕ ਵਾਰਡ (ਮਾਨਸਕ ਰੋਗਾਂ ਦੇ ਇਲਾਜ ਲਈ ਵਾਰਡ) ਜਾਂ ਹਸਪਤਾਲ ਵਿੱਚ ਰਹਿ ਚੁਕੇ ਹੋ।**

ਇਸ ਜਾਣਕਾਰੀ ਦਾ ਬਹੁਤਾ ਹਿੱਸਾ ਉਨ੍ਹਾਂ ਲੋਕਾਂ ਲਈ ਲਾਹੇਵੰਦ ਹੈ ਜੋ ਔਂਟੇਰੀਓ ਵਿੱਚ ਰਹਿੰਦੇ ਹੋਣ।

## ਵਿਤਕਰੇ ਤੋਂ ਕੀ ਭਾਵ ਹੁੰਦਾ ਹੈ?

ਤੱਥਾਂ ਦੀ ਇਹ ਸ਼ੀਟ ਤੁਹਾਡੇ ਮਨੁੱਖੀ ਅਧਿਕਾਰਾਂ ਬਾਰੇ ਹੈ। ਆਪਣੇ ਅਧਿਕਾਰਾਂ ਦੀ ਜਾਣਕਾਰੀ ਤੁਹਾਡੇ ਅਤੇ ਦੂਜਿਆਂ ਵਿਰੁੱਧ ਵਿਤਕਰੇ ਅਤੇ ਪਰੇਸ਼ਾਨ ਹੋਣ ਤੋਂ ਸੁਰੱਖਿਅਤ ਕਰਨ ਵਿੱਚ ਮਦਦ ਕਰਦੀ ਹੈ।

**ਵਿਤਕਰੇ ਤੋਂ ਭਾਵ ਹੈ ਮਿਸਾਲ ਵਜੋਂ ਤੁਹਾਡੀ ਨਸਲ, ਲਿੰਗ, ਵਿਆਹਤ ਦਰਜੇ, ਤੁਹਾਡੇ ਮੂਲ ਦੇਸ਼, ਉਮਰ ਜਾਂ ਅਯੋਗਤਾ ਕਾਰਨ ਤੁਹਾਡੇ ਨਾਲ ਗ਼ੈਰ–ਨਿਆਂਪੂਰਨ ਜਾਂ ਵੱਖਰੀ ਤਰ੍ਹਾਂ ਵਰਤਾਉ ਹੋਣਾ।** ਜਦੋਂ, ਮਿਸਾਲ ਵਜੋਂ ਤੁਹਾਡੀ ਅਯੋਗਤਾ ਜਾਂ ਤੁਹਾਡੀ ਨਸਲ ਕਰ ਕੇ ਕੋਈ ਤੁਹਾਡੇ ਨਾਲ ਨਿਆਂਪੂਰਨ ਵਰਤਾਉ ਨਹੀਂ ਕਰਦਾ ਜਾਂ ਜਦੋਂ ਤੁਹਾਨੂੰ ਜਿਵੇਂ ਦੂਜਿਆਂ ਨੂੰ ਮੌਕੇ ਮੁਹੱਈਆ ਕੀਤੇ ਜਾਂਦੇ ਹੋਣ ਤੇ ਤੁਹਾਨੂੰ ਮੁਹੱਈਆ ਨਾ ਕੀਤੇ ਜਾਂਦੇ ਹੋਣ ਤਾਂ ਤੁਹਾਡੇ ਨਾਲ ਵਿਤਕਰਾ ਹੋ ਰਿਹਾ ਹੁੰਦਾ ਹੈ। ਮਿਸਾਲ ਦੇ ਤੌਰ ਤੇ, ਜੇ ਤੁਹਾਡਾ ਬੌਸ ਤੁਹਾਡੀ ਨਸਲ ਜਾਂ ਅਯੋਗਤਾ ਕਾਰਨ ਤੁਹਾਨੂੰ ਨੌਕਰੀ ਤੋਂ ਕੱਢ ਦਿੰਦਾ ਹੈ ਜਾਂ ਤੁਹਾਡਾ ਬੌਸ ਤੁਹਾਡੇ ਨਾਲ ਵਿਤਕਰਾ ਕਰ ਰਿਹਾ ਹੁੰਦਾ ਹੈ।

ਪਰੇਸ਼ਾਨ ਕਰਨਾ ਇੱਕ ਕਿਸਮ ਦਾ ਵਿਤਕਰਾ ਹੀ ਹੁੰਦਾ ਹੈ। ਇਸ ਵਿੱਚ ਅਜਿਹੇ ਕਾਰਜ, ਟਿੱਪਣੀਆਂ ਜਾਂ ਨਿਰਾਦਰੀ ਸ਼ਾਮਲ ਹੁੰਦੀ ਹੈ ਜਿਹੜੀ ਤੁਹਾਨੂੰ ਨੀਵਾਂ ਵਖਾਉਂਦੀ ਜਾਂ ਦੁਖੀ ਕਰਦੀ ਹੋਵੇ। ਇਹ ਟਿੱਪਣੀਆਂ ਨਸਲ, ਲਿੰਗ, ਸ਼ਹਿਰੀਅਤ, ਧਰਮ, ਅਯੋਗਤਾ ਜਾਂ ਤੁਹਾਡੀ ਸ਼ਨਾਖ਼ਤ ਦੇ ਦੂਜੇ ਅੰਸ਼ਾਂ ਉੱਤੇ ਆਧਾਰਤ ਹੋ ਸਕਦੀਆਂ ਹਨ। ਪਰੇਸ਼ਾਨੀ ਉਦੋਂ ਹੁੰਦੀ ਹੈ ਜਦੋਂ ਕੋਈ ਤੁਹਾਨੂੰ ਅਜਿਹਾ ਕੁਝ ਕਹਿੰਦਾ ਹੈ ਜੋ ਉਹ ਜਾਣਦਾ ਹੁੰਦਾ ਹੈ ਕਿ ਇਹ ਮਾੜਾ ਹੈ ਅਤੇ ਜੋ ਤੁਹਾਨੂੰ ਬੇਅਰਾਮ ਕਰਦਾ ਹੈ। ਪਰੇਸ਼ਾਨ ਕਰਨ ਦੀਆਂ ਮਿਸਾਲਾਂ ਪਰੱਤਖ ਹੁੰਦੀਆਂ ਹਨ ਜਦੋਂ ਕੋਈ:

- ਨਸਲਵਾਦੀ ਤੁਹਮਤ ਲਾਉਂਦਾ ਜਾਂ ਮਸ਼ਕਰੀ ਕਰਦਾ ਹੈ;
- ਤੁਹਾਡੀ ਇਸ ਲਈ ਨਿਰਾਦਰੀ ਕਰਦਾ ਹੈ ਕਿਉਂਕਿ ਮਾਨਸਕ ਰੋਗ ਦੇ ਇਲਾਜ ਕਾਰਨ ਤੁਸੀਂ ਅਯੋਗ ਹੋ;
- ਅਜਿਹੇ ਕਾਰਟੂਨ ਜਾਂ ਤਸਵੀਰਾਂ ਵਖਾਉਂਦਾ ਹੈ ਜੋ ਕਿਸੇ ਨਸਲ ਜਾਂ ਧਰਮ ਦੇ ਮੈਂਬਰਾਂ ਨੂੰ ਨੀਵਾਂ ਵਖਾਉਂਦੇ ਹੋਣ; ਜਾਂ
- ਤੁਹਾਡੀ ਨਸਲ, ਰੰਗ ਜਾਂ ਅਯੋਗਤਾ ਕਾਰਨ ਤੁਹਾਨੂੰ ਗਾਲ੍ਹਾਂ ਕੱਢਦਾ ਹੈ।

## ਆਂਟੇਰੀਓ ਮੁਨੱਖੀ ਅਧਿਕਾਰਾਂ ਦਾ ਕੋਡ (Ontario Human Rights Code)

*ਆਂਟੇਰੀਓ ਮੁਨੱਖੀ ਅਧਿਕਾਰਾਂ ਦਾ ਕੋਡ* (*Ontario Human Rights Code)* ਇੱਕ ਪਰਾਂਤਕ ਕਨੂੰਨ ਹੈ ਜੋ ਕਹਿੰਦਾ ਹੈ ਕਿ ਆਂਟੇਰੀਓ ਅੰਦਰ ਹਰ ਕਿਸੇ ਨੂੰ, ਬਿਨਾ ਵਿਤਕਰੇ ਦੇ, ਬਰਾਬਰ ਦੇ ਅਧਿਕਾਰ ਅਤੇ ਮੌਕੇ ਪ੍ਰਾਪਤ ਹਨ। ਇਹ *ਕੋਡ* ਦਾ ਮੰਤਵ ਤੁਹਾਨੂੰ ਨਸਲ, ਰੰਗ, ਲਿੰਗ, ਅਯੋਗਤਾ, ਉਮਰ ਅਤਿ ਆਦ ਦੇ ਆਧਾਰ ‘ਤੇ ਵਿਤਕਰੇ ਅਤੇ ਪਰੇਸ਼ਾਨੀ ਹੋਣ ਤੋਂ ਬਚਾਉਣਾ ਹੈ। “ ਅਯੋਗਤਾ” ਵਿੱਚ ਮਾਨਸਕ ਅਯੋਗਤਾ ਅਤੇ ਬਹੁਤੇ ਅਜਿਹੇ ਲੋਕ ਸ਼ਾਮਲ ਹਨ ਜੋ ਮਾਨਸਕ ਸਿਹਤ ਸੇਵਾਵਾਂ ਅਤੇ ਸਹਾਇਤਾ ਦੀ ਵਰਤੋਂ ਕਰਦੇ ਹੋਣ।

ਦੁਕਾਨਾਂ, ਰੈਸਟੋਰੈਂਟਾਂ, ਟਰਾਂਜ਼ਿਟ, ਹਸਪਤਾਲਾਂ,ਸਕੂਲਾਂ, ਇੰਨਸ਼ੋਰੈਂਸ, ਘਰਾਂ ਦੇ ਇਕਰਾਰਨਾਮਿਆਂ, ਨੌਕਰੀ, ਅਤੇ ਯੂਨੀਅਨ ਦੀ ਮੈਂਬਰਸ਼ਿੱਪ ਵਿੱਚ ਤੁਹਾਨੂੰ ਵਿਤਕਰੇ ਅਤੇ ਪਰੇਸ਼ਾਨੀ ਤੋਂ ਮੁਕਤ ਹੋਣ ਦਾ ਅਧਿਕਾਰ ਪ੍ਰਾਪਤ ਹੈ। ਮਿਸਾਲ ਵਜੋਂ,

- ਅਯੋਗਤਾਵਾਂ ਵਾਲੇ ਵਰਕਰਾਂ ਨੂੰ ਓਹੋ ਜਿਹੇ ਮੌਕੇ ਅਤੇ ਲਾਭ ਪ੍ਰਾਪਤ ਹੁੰਦੇ ਹਨ ਜਿਹੜੇ ਬਿਨਾ ਅਯੋਗਤਾਵਾਂ ਵਾਲੇ ਵਰਕਰਾਂ ਨੂੰ ਮਿਲਦੇ ਹਨ। ਕਈ ਵਾਰੀ ਅਯੋਗਤਾਵਾਂ ਵਾਲੇ ਵਰਕਰਾਂ ਵਾਸਤੇ ਉਨ੍ਹਾਂ ਨੂੰ ਕੰਮ ਦੇ ਫ਼ਰਜ਼ ਨਿਭਾਉਣ ਵਿੱਚ ਮਦਦ ਦੇਣ ਲਈ ਮਾਲਕਾਂ ਨੂੰ ਉਨ੍ਹਾਂ ਦੀ ਕੰਮ ਵਾਲੀ ਜਗ੍ਹਾ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ।
- ਅਯੋਗਤਾਵਾਂ ਵਾਲੇ ਗਾਹਕਾਂ ਨੂੰ ਵੀ ਅਤੇ ਰੈਸਟੋਰੈਂਟਾਂ, ਦੁਕਾਨਾਂ, ਹੋਟਲਾਂ, ਅਤੇ ਮੂਵੀ ਥੇਟਰਾਂ, ਅਪਾਰਟਮੈਂਟ ਬਿਲਡਿੰਗਾਂ, ਟਰਾਂਜ਼ਿਟ ਅਤੇ ਦੂਜੀਆਂ ਪਬਲਿਕ ਥਾਵਾਂ ਵਿਖੇ ਬਰਾਬਰ ਦੇ ਵਰਤਾਉ, ਬਰਾਬਰ ਦੀ ਪਹੁੰਚ ਦੇ ਅਧਿਕਾਰ ਹਾਸਲ ਹਨ। ਸਕੂਲਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਥੇ ਅਯੋਗਤਾ ਵਾਲੇ ਵਿਦਿਆਰਥੀਆਂ ਲਈ ਪਹੁੰਚ (ਸਹੂਲਤ) ਹੋਵੇ।
- ਤੁਹਾਡੀ ਨਸਲ, ਲਿੰਗ, ਉਮਰ, ਰੰਗ, ਅਯੋਗਤਾ ਅਤਿ ਆਦ ਦੇ ਆਧਾਰ ‘ਤੇ ਮਾਲਕ ਮਕਾਨ ਤੁਹਾਨੂੰ ਜਗ੍ਹਾ ਕਿਰਾਏ ‘ਤੇ ਦੇਣ ਤੋਂ ਨਾ ਨਹੀਂ ਕਰ ਸਕਦੇ। ਵਧੇਰੇ ਜਾਣਕਾਰੀ ਲਈ ਤੁਸੀਂ ਰਿਹਾਇਸ਼ ਵਿੱਚ ਬਰਾਬਰੀ ਦੇ ਅਧਿਕਾਰਾਂ ਲਈ ਸੈਂਟਰ (Centre for Equality Rights in Accommodation) ਨੂੰ (416-944-0087) ਫ਼ੋਨ ਕਰਦੇ ਹੋ।

ਇਸ ਕੋਡ ਅਧੀਨ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਮੁਫ਼ਤ ਕਨੂੰਨੀ ਜਾਣਕਾਰੀ ਅਤੇ ਮਸ਼ਵਰੇ ਲਈ ਆਰਚ (ARCH) ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਮਹਿਸੂਸ ਕਰਦੇ ਹੋਵੋ ਕਿ ਬੌਸ, ਮਾਲਕ ਮਕਾਨ ਜਾਂ ਕੋਈ ਸੇਵਾ ਮੁਹੱਈਆ ਕਰਨ ਵਾਲੇ ਨੇ ਤੁਹਾਡੀ ਮਾਨਸਕ ਸਿਹਤ ਅਯੋਗਤਾ ਕਾਰਨ ਤੁਹਾਡੇ ਨਾਲ ਵੱਖ ਤਰ੍ਹਾਂ ਦਾ ਅਤੇ ਗ਼ੈਰ-ਨਿਆਂਪੂਰਨ ਵਰਤਾਉ ਕੀਤਾ ਹੈ ਤਾਂ ਤੁਸੀਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਆਂਟੇਰੀਓ (Human Rights Tribunal of Ontario) ਨੂੰ ਅਰਜ਼ੀ ਦੇ ਸਕਦੇ ਹੋ। ਜਦੋਂ ਤੁਹਾਡੇ ਨਾਲ ਗ਼ੈਰ-ਨਿਆਂਪੂਰਨ ਵਰਤਾਉ ਹੋਇਆ ਹੋਵੇ ਉਸ ਤੋਂ ਇੱਕ ਸਾਲ ਦੇ ਅੰਦਰ ਅੰਦਰ ਅਜਿਹੀ ਅਰਜ਼ੀ ਦੇ ਸਕਦੇ ਹੋ, ਪਰ ਇੱਕ ਸਾਲ ਪਿੱਛੋਂ ਵੀ ਅਰਜ਼ੀ ਦਿੱਤੀ ਜਾ ਸਕਦੀ ਹੈ।

ਹਿਊਮਨ ਰਾਈਟਸ ਨੂੰ ਅਰਜ਼ੀ ਕਿਵੇਂ ਦੇਣੀ ਹੈ ਬਾਰੇ ਵਧੇਰੇ ਜਾਣਕਾਰੀ ਅਤੇ ਵਿਸਥਾਰ ਪ੍ਰਾਪਤ ਕਰਨ ਲਈ, ਕ੍ਰਿਪਾ ਕਰ ਕੇ ਟ੍ਰਿਬਿਊਨਲ ਨਾਲ ਸੰਪਰਕ ਕਰੋ:

Human Rights Tribunal of Ontario
655 Bay Street, 14th Floor
Toronto, ON  M7A 2A3

ਪੁੱਛ ਗਿੱਛ ਲਈ ਸਥਾਨਕ ਟੈਲੀਫ਼ੋਨ: (416) 326-1312
ਪੁੱਛ ਗਿੱਛ ਲਈ ਟੋਲ ਫ੍ਰੀ ਟੈਲੀਫ਼ੋਨ: 1-866-598-0322
ਟੀ ਟੀ ਵਾਈ (ਸਥਾਨਕ): (416) 326-2027
ਟੀ ਟੀ ਵਾਈ (ਟੋਲ ਫ੍ਰੀ): 1-866-607-1240
ਵੱਬਸਾਈਟ: www.hrto.ca

ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ (Human Rights legal Supprot Centre) ਨੂੰ ਅਰਜ਼ੀ ਦੇਣ ਸੰਬੰਧੀ ਲੋਕਾਂ ਨੂੰ ਸੁਤੰਤਰ ਕਨੂੰਨੀ ਮਸ਼ਵਰਾ ਦੇ ਸਕਦਾ ਹੈ ਅਤੇ ਅਰਜ਼ੀ ਦੇਣ ਪਿੱਛੋਂ ਉਨ੍ਹਾਂ ਨੂੰ ਕਨੂੰਨੀ ਮਸ਼ਵਰਾ ਅਤੇ ਉਨ੍ਹਾਂ ਦੀ ਨੁਮਾਇੰਦਗੀ ਕਰ ਸਕਦਾ ਹੈ।ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ ਦੀਆਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਸੈਂਟਰ ਨਾਲ ਸੰਪਰਕ ਕਰੋ:

Human Rights Legal Support Centre
400 University Avenue, 7th Floor
Toronto, ON

ਪੁੱਛ ਗਿੱਛ ਲਈ ਸਥਾਨਕ ਟੈਲੀਫ਼ੋਨ : (416) 314-6266
ਪੁੱਛ ਗਿੱਛ ਲਈ ਟੋਲ ਫ੍ਰੀ ਟੈਲੀਫ਼ੋਨ: 1-866-625-5179
ਟੀ ਟੀ ਵਾਈ: (416) 314-6651
ਟੀ ਟੀ ਵਾਈ (ਟੋਲ ਫ੍ਰੀ ): 1-866-612-8627
ਵੱਬਸਾਈਟ: www.hrlsc.on.ca

## ਕਨੇਡੀਅਨ ਮਨੁੱਖੀ ਅਧਿਕਾਰਾਂ ਦਾ ਐਕਟ (Canadian Human Rights Act)

ਕਨੇਡੀਅਨ ਮਨੁੱਖੀ ਅਧਿਕਾਰਾਂ ਦੇ ਐਕਟ ਦਾ ਮੰਤਵ ਫ਼ੈਡਰਲ ਰੁਜ਼ਗਾਰ ਦਾਤਿਆਂ ਜਾਂ ਸੇਵਾ ਮੁਹੱਈਆ ਕਰਨ ਵਾਲਿਆਂ, ਜਿਵੇਂ ਕਿ ਬੈਂਕਾਂ, ਏਅਰਲਾਈਨਾਂ, ਟੀ ਵੀ ਅਤੇ ਰੇਡੀਉ ਸਟੇਸ਼ਨਾਂ, ਟੈਲੀਫ਼ੋਨ ਕੰਪਨੀਆਂ, ਰੇਲਵੇਜ਼ ਅਤੇ ਮਾਈਨਿੰਗ ਆਪਰੇਸ਼ਨਾਂ, ਵਿਖੇ ਵਿਤਕਰੇ ਨੂੰ ਰੋਕਣਾ ਹੁੰਦਾ ਹੈ।

ਫ਼ੈਡਰਲ ਰੁਜ਼ਗਾਰ ਦਾਤਿਆਂ ਜਾਂ ਸੇਵਾ ਮੁਹੱਈਆ ਕਰਨ ਵਾਲਿਆਂ ਲਈ ਤੁਹਾਡੀ ਨਸਲ, ਰੰਗ, ਅਯੋਗਤਾ, ਉਮਰ ਅਤਿ ਅਦਿ ਦੀ ਬਿਨਾ ਉੱਤੇ ਤੁਹਾਡੇ ਨਾਲ ਵਿਤਕਰਾ ਕਰਨਾ ਜਾਂ ਤੁਹਾਨੂੰ ਪਰੇਸ਼ਾਨ ਕਰਨਾ ਗ਼ੈਰ-ਕਨੂੰਨੀ ਹੁੰਦਾ ਹੈ।"ਅਯੋਗਤਾ" ਵਿੱਚ ਮਾਨਸਕ ਅਯੋਗਤਾ ਅਤੇ ਅਜਿਹੇ ਲੋਕ ਸ਼ਾਮਲ ਹਨ ਜੋ ਮਾਨਸਕ ਸਿਹਤ ਸੇਵਾਵਾਂ ਦੀ ਵਰਤੋਂ ਕਰਦੇ ਹਨ।

ਤੁਸੀਂ ਇੱਕ ਸਾਲ ਦੇ ਅੰਦਰ ਅੰਦਰ ਕਨੇਡੀਅਨ ਹਿਊਮਨ ਰਾਈਟਸ ਕਮਿਸ਼ਨ ਨੂੰ ਸ਼ਕਾਇਤ ਕਰ ਸਕਦੇ ਹੋ। ਸ਼ਕਾਇਤ ਕਰਨ ਲਈ, ਕਮਿਸ਼ਨ ਨਾਲ ਟੈਲੀਫ਼ੋਨ, ਫ਼ੈਕਸ ਜਾਂ ਡਾਕ ਰਾਹੀਂ ਸੰਪਰਕ ਕਰੋ।

Canadian Human Rights Commission
344 Slater Street, 8th Floor
Ottawa, Ontario K1A 1E1
ਟੈਲੀਫ਼ੋਨ: (613) 995-1151
ਟੋਲ ਫ੍ਰੀ: 1-888-214-1090
ਟੀ ਟੀ ਵਾਈ: 1-888-643-3304
ਫ਼ੈਕਸ: (613) 996-9661
ਵੱਬਸਾਈਟ: **http://www.chrc-ccdp.ca/**

ਤੁਸੀਂ ਕਨੇਡੀਅਨ ਹਿਊਮਨ ਰਾਈਟਸ ਕਮਿਸ਼ਨ ਕੋਲ ਸਿਰਫ਼ ਫ਼ੈਡਰਲ ਰੁਜ਼ਗਾਰ ਦਾਤਿਆਂ ਜਾਂ ਸੇਵਾ ਮੁਹੱਈਆ ਕਰਨ ਵਾਲਿਆਂ ਵਿਰੁੱਧ ਹੀ ਸ਼ਕਾਇਤ ਦਰਜ ਕਰਵਾ ਸਕਦੇ ਹੋ। ਜੇ ਤੁਹਾਡੀ ਸ਼ਕਾਇਤ ਕਿਸੇ ਸਟੋਰ, ਰੈਸਟੋਰੈਂਟ, ਹੋਟਲ, ਹਸਪਤਾਲ, ਸੇਹਤ ਸੇਵਾ ਮੁਹੱਈਆ ਕਰਨ ਵਾਲੇ, ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿਰੁੱਧ ਹੋਵੇ ਤਾਂ ਤੁਸੀਂ ਆਪਣੀ ਸ਼ਕਾਇਤ ਪਰੋਵਿੰਸ਼ਲ ਹਿਊਮਨ ਰਾਈਟਸ ਕਮਿਸ਼ਨ ਕੋਲ ਦਰਜ ਕਰਵਾਉ। ਪਰਾਂਤਾਂ ਅਤੇ ਟੈਰੀਟੋਰੀਆਂ ਦੇ ਵਿਤਕਰੇ ਵਿਰੁੱਧ ਇਹੋ ਜਿਹੇ ਆਪਣੇ ਕਨੂੰਨ ਹਨ।

## ਚਾਰਟਰ ਆਫ਼ ਰਾਈਟਸ ਐਂਡ ਫ੍ਰੀਡੰਮਜ਼ (Charter of Rights and Freedoms)

ਤੁਹਾਡੇ ਕੁਝ ਅਧਿਕਾਰ ਅਜਿਹੇ ਹਨ ਜੋ *ਚਾਰਟਰ ਆਫ਼ ਰਾਈਟਸ ਐਂਡ ਫ੍ਰੀਡੰਮਜ਼ (Charter of Rights and Freedoms)* ਅਧੀਨ ਸੁਰੱਖਿਅਤ ਹੁੰਦੇ ਹਨ। *ਚਾਰਟਰ* ਕਨੂੰਨਾਂ ਅਤੇ ਸਰਕਾਰੀ ਏਜੰਸੀਆਂ ਵੱਲੋਂ ਵਿਤਕਰਾ ਕਰਨ ਵਿਰੁੱਧ ਲੋਕਾਂ ਦੀ ਸੁਰੱਖਿਆ ਕਰਦਾ ਹੈ। ਨਸਲ, ਉਮਰ, ਲਿੰਗ, ਅਯੋਗਤਾ ਅਤਿ ਆਦਿ ਦੀ ਕਾਰਨ ਵਿਤਕਰੇ ਕੀਤੇ ਬਿਨਾ ਇਹ ਚਾਰਟਰ ਹਰੇਕ ਨੂੰ ਇੱਕੋ ਜਿਹੇ ਲਾਭ ਅਤੇ ਇੱਕੋ ਜਿਹੀ ਸੁਰੱਖਿਆ ਪਰਦਾਨ ਕਰਦਾ ਹੈ। “ਅਯੋਗਤਾ” ਵਿੱਚ ਮਾਨਸਕ ਸਿਹਤ ਮਸਲੇ ਸ਼ਾਮਲ ਹੁੰਦੇ ਹਨ।

ਜਦੋਂ ਸਰਕਾਰਾਂ ਕਨੂੰਨ ਬਣਾ ਰਹੀਆਂ ਹੋਣ ਤਾਂ ਉਨ੍ਹਾਂ ਉੱਤੇ ਇਸ ਚਾਰਟਰ ਦੀ ਬੰਧਸ਼ ਲਾਗੂ ਹੁੰਦੀ ਹੈ। ਅਦਾਲਤਾਂ ਲਈ ਅਦਾਲਤੀ ਕੇਸਾਂ ਵਿੱਚ *ਚਾਰਟਰ* ਨੂੰ ਵਿਚਾਰਨਾ ਜ਼ਰੂਰੀ ਹੁੰਦਾ ਹੈ। ਜੇ ਕਨੂੰਨ ਜਾਂ ਸਰਕਾਰ *ਚਾਰਟਰ* ਦੀ ਉਲੰਘਣਾ ਕਰਦੀ ਹੈ ਤਾਂ ਅਸੀਂ ਉਸ ਕਨੂੰਨ ਨੂੰ ਖ਼ਤਮ ਕਰਨ ਲਈ ਅਦਾਲਤ ਨੂੰ ਕਹਿ ਸਕਦੇ ਹਾਂ।

ਇਹ *ਚਾਰਟਰ* ਸਿਰਫ਼ ਕਨੂੰਨਾਂ ਅਤੇ ਸਰਕਾਰੀ ਕਾਰਜਾਂ ਉੱਤੇ ਲਾਗੂ ਹੁੰਦਾ ਹੈ। ਜੇ ਕੋਈ ਪਰਾਈਵੇਟ ਕਾਰੋਬਾਰ ਤੁਹਾਡੇ ਨਾਲ ਵਿਤਕਰਾ ਕਰਦਾ ਹੈ ਤਾਂ ਪਰੋਵਿੰਸ਼ਲ ਜਾਂ ਟੈਰੀਟੋਰੀ ਦੇ ਹਿਊਮਨ ਰਾਈਟਸ ਕਮਿਸ਼ਨ ਨੂੰ ਪਹੁੰਚ ਕਰਨੀ ਚਾਹੀਦੀ ਹੈ।

ਇਹ ਸਾਬਤ ਕਰਨ ਲਈ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੋਇਆ ਹੈ, ਤੁਹਾਨੂੰ ਵਖਾਉਣਾ ਪਵੇਗਾ ਕਿ:

- ਤੁਹਾਡੇ ਨਾਲ ਦੂਜਿਆਂ ਨਾਲੋਂ ਵੱਖ ਤਰ੍ਹਾਂ ਦਾ ਵਰਤਾਉ ਕੀਤਾ ਗਿਆ ਹੈ;
- ਵੱਖਰੀ ਤਰ੍ਹਾਂ ਦਾ ਇਹ ਵਰਤਾਉ ਨਸਲ,ਧਰਮ, ਲਿੰਗ, ਉਮਰ, ਅਯੋਗਤਾ ਅਤਿ ਆਦਿ ਕਾਰਨ ਕੀਤਾ ਗਿਆ ਹੈ;
- ਵੱਖਰੀ ਤਰ੍ਹਾਂ ਦਾ ਵਰਤਾਉ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਿ ਇਹ ਵਿਅਕਤੀ ਉਸ ਸਤਿਕਾਰ ਦਾ ਹੱਕਦਾਰ ਨਹੀਂ ਜਿਹੋ ਜਿਹਾ ਦੂਜੇ ਲੋਕਾਂ ਨੂੰ ਦਿੱਤਾ ਜਾਂਦਾ ਹੈ।

ਭਾਵੇਂ ਤੁਸੀਂ ਇਹ ਸਾਬਤ ਨਹੀਂ ਕਰ ਸਕਦੇ ਕਿ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ, ਸੁਤੰਤਰ ਅਤੇ ਲੋਕ ਰਾਜੀ ਸੁਸਾਇਟੀ ਅੰਦਰ ਜੇ ਵਰਤਾਉ ਵਾਜਬ ਅਤੇ ਸਮਝ ਵਿੱਚ ਆ ਸਕਦਾ ਹੋਵੇ ਤਾਂ *ਚਾਰਟਰ* ਅਧੀਨ ਉਹ ਕਨੂੰਨ ਫ਼ਿਰ ਵੀ ਜਾਇਜ਼ ਹੋ ਸਕਦਾ ਹੈ।

ਜੇ ਤੁਸੀਂ ਸਮਝਦੇ ਹੋ ਕਿ ਕੋਈ ਕਨੂੰਨ ਜਾਂ ਸਰਕਾਰ ਤੁਹਾਡੇ *ਚਾਰਟਰ* ਅਧਿਕਾਰਾਂ ਨੂੰ ਮਾਨਤਾ ਨਹੀਂ ਦੇ ਰਹੀ, ਤਾਂ ਤੁਸੀਂ ਸਰਕਾਰ ਨੂੰ ਅਦਾਲਤ ਵਿੱਚ ਲਿਜਾ ਸਕਦੇ ਹੋ। ਇਹ ਇੱਕ ਵੱਡਾ ਕਦਮ ਹੁੰਦਾ ਹੈ। ਅਦਾਲਤ ਵਿੱਚ ਜਾਣ ਤੋਂ ਪਹਿਲਾਂ ਇਹ ਸੋਚ ਲੈਣਾ ਜ਼ਰੂਰੀ ਹੁੰਦਾ ਹੈ ਕਿ ਇਸ ਦੇ ਲਾਭ ਅਤੇ ਸੰਭਾਵੀ ਪਰਿਣਾਮ ਕੀ ਹੋਣਗੇ। ਮਿਸਾਲ ਵਜੋਂ, ਕਨੂੰਨੀ ਫ਼ੀਸਾਂ ਬਹੁਤ ਮਹਿੰਗੀਆਂ ਹੋ ਸਕਦੀਆਂ ਹਨ। ਇਸ ਲਈ ਬਹੁਤ ਸਮਾਂ ਲਗ ਸਕਦਾ ਹੈ। ਤੁਸੀਂ ਇਸ ਮਸਲੇ ਨਾਲ ਸੰਬੰਧਤ ਦੂਜੇ ਲੋਕਾਂ ਨਾਲ ਮਿਲ ਕੇ ਕੰਮ ਕਰਨਾ ਚਾਹੋਗੇ। ਚਾਰਟਰ ਅਧੀਨ ਚਣੌਤੀਆਂ ਕਰਨ ਵਾਲੀਆਂ ਕਈ ਵੱਖ ਵੱਖ ਸੰਸਥਾਵਾਂ ਹਨ ਜਿੰਨ੍ਹਾਂ ਵਿੱਚ ਆਰਚ ਡਿਸੇਬਿਲੀਟੀ ਲਾਅ ਸੈਂਟਰ (ARCH Disability Law Centre) ਵੀ ਸ਼ਾਮਲ ਹੈ।

## ਦੂਜੀਆਂ ਸੁਰੱਖਿਆਵਾਂ

ਕਈ ਕੰਮ ਕਰਨ ਵਾਲੀਆਂ ਥਾਵਾਂ ਵਿਖੇ **ਵਿਤਕਰੇ ਵਿਰੁੱਧ ਪਾਲਸੀਆਂ** ਸਥਾਪਤ ਹੁੰਦੀਆਂ ਹਨ। ਜਿਥੇ ਤੁਸੀਂ ਕੰਮ ਕਰਦੇ ਹੋਵੇ ਉਥੇ ਯੂਨੀਅਨ ਹੋਵੇ ਤਾਂ ਵਧੇਰੇ ਜਾਣਕਾਰੀ ਲਈ ਤੁਸੀਂ ਯੂਨੀਅਨ ਦੇ ਸਟੂਅਰਡ ਨਾਲ ਸੰਪਰਕ ਕਰ ਸਕਦੇ ਹੋ। ਕਈ ਹਸਪਤਾਲਾਂ ਵਿੱਚ ਵਿਤਕਰੇ ਵਿਰੁੱਧ ਪਾਲਸੀਆਂ ਹੁੰਦੀਆਂ ਹਨ। ਆਪਣੇ ਹਸਪਤਾਲ ਵਿੱਚ ਨਿਯਮਾਂ ਬਾਰੇ ਜਾਣਕਾਰੀ ਲਈ ਆਪਣੇ ਮਰੀਜ਼ਾਂ ਦੇ ਨੁਮਾਇੰਦੇ ਨੂੰ ਜਾਂ ਵਾਰਡ ਸਟਾਫ਼ ਨੂੰ ਪੁੱਛੋ।

**ਆਪਣੇ ਮਨੁੱਖੀ ਅਧਿਕਾਰਾਂ ਬਾਰੇ ਤੁਸੀਂ ਕਮਿਊਨਿਟੀ ਲੀਗਲ ਕਲਿਨਕ** ਤੋਂ ਵੀ ਮਸ਼ਵਰਾ ਲੈ ਸਕਦੇ ਹੋ। ਕਮਿਊਨਿਟੀ ਲੀਗਲ ਕਲਿਨਕ ਘੱਟ ਆਮਦਨੀ ਵਾਲੇ ਲੋਕਾਂ ਅਤੇ ਕਮਿਊਨਿਟੀਆਂ ਨੂੰ ਕਨੂੰਨੀ ਸੇਵਾਵਾਂ ਪੇਸ਼ ਕਰਦੇ ਹਨ। ਆਪਣੇ ਨੇੜੇ ਦੇ ਕਮਿਊਨਿਟੀ ਲੀਗਲ ਕਲਿਨਕ ਦਾ ਪਤਾ ਕਰਨ ਲਈ 416-979-1446 ਉੱਤੇ ਫ਼ੋਨ ਕਰੋ। ਮਾਨਸਕ ਸਿਹਤ ਮਸਲਿਆਂ ਵਾਲੇ ਲੋਕਾਂ ਵਾਸਤੇ ਯੌਰਕ ਯੂਨੀਵਰਸਿਟੀ ਵਿਖੇ **ਕਮਿਊਨਿਟੀ ਲੀਗਲ ਏਡ ਸਰਵਿਸਜ਼ ਪ੍ਰੋਗਰਾਮ (CLASP)** ਸੇਵਾਵਾਂ ਪਰਦਾਨ ਕਰਦਾ ਹੈ।ਤੁਸੀਂ ਉਨ੍ਹਾਂ ਨਾਲ 416-736-5029 'ਤੇ ਸੰਪਰਕ ਕਰ ਸਕਦੇ ਹੋ।

ਅਦਾਲਤ ਵਿੱਚ ਕੇਸ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਤੁਸੀਂ ਕਿਸੇ ਵਕੀਲ ਨਾਲ ਗੱਲਬਾਤ ਕਰੋ। ਕਈ ਵਾਰੀ ਸਮੇਂ ਦੀ ਸੀਮਾ ਹੁੰਦੀ ਹੈ ਜਿਸ ਦਾ ਭਾਵ ਹੈ ਕਿ ਜਦੋਂ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੋਵੇ ਉਸ ਤੋਂ ਛੇਤੀ ਹੀ ਪਿੱਛੋਂ ਤੁਹਾਨੂੰ ਅਦਾਲਤ ਵਿੱਚ ਕੇਸ ਕਰਨਾ ਪੈਂਦਾ ਹੈ। ਜੇ ਤੁਸੀਂ ਆਂਟੇਰੀਓ ਵਿੱਚ ਵਕੀਲ ਕਰਨਾ ਚਾਹੁੰਦੇ ਹੋਵੋ ਤਾਂ ਲਾਅ ਸੁਸਾਇਟੀ ਆਫ਼ ਅੱਪਰ ਕੈਨੇਡਾ ਵੱਲੋਂ ਚਲਾਈ ਜਾਂਦੀ **ਲੁਇਅਰ ਰੈਫ਼ਰਲ ਸਰਵਿਸ** (Lawyer Referral Service) ਨੂੰ ਫ਼ੋਨ ਕਰ ਸਕਦੇ ਹੋ। **ਲੁਇਅਰ ਰੈਫ਼ਰਲ ਸਰਵਿਸ** ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਕੰਮ ਕਰਦੇ ਵਕੀਲ ਦਾ ਨਾਂ ਅਤੇ ਅੱਧੇ ਘੰਟੇ ਲਈ ਮੁਫ਼ਤ ਮਸ਼ਵਰਾ ਮੁਹੱਈਆ ਕਰੇਗੀ। ਇਸ ਸੇਵਾ ਦਾ ਟੈਲੀਫ਼ੋਨ ਨੰਬਰ 1-800-268-8326, 416-947-3330ਹੈ।

## ਆਰਚ (ARCH) ਬਾਰੇ

ਆਰਚ ਡਿਸੇਬਿਲਿਟੀ ਲਾਅ ਸੈਂਟਰ ਅਯੋਗਤਾਵਾਂ ਵਾਲੇ ਲੋਕਾਂ ਲਈ ਬਰਾਬਰ ਦੇ ਅਧਿਕਾਰਾਂ, ਸਮੇਤ ਮਾਨਸਕ ਸਿਹਤ ਮਸਲਿਆਂ ਵਾਲੇ ਲੋਕਾਂ ਦੇ, ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਸਮਰਪਤ ਵਿਸ਼ੇਸ਼ ਲੀਗਲ ਏਡ ਕਲਿਨਕ ਹੈ।

ਆਰਚ **(ARCH) ਅਯੋਗਤਾਵਾਂ ਵਾਲੇ ਲੋਕਾਂ ਨੂੰ ਬੁਨਿਆਦੀ ਕਨੂੰਨੀ ਜਾਣਕਾਰੀ, ਸਮੇਤ ਵਿਤਕਰੇ ਬਾਰੇ ਜਾਣਕਾਰੀ ਦੇ, ਮੁਹੱਈਆ ਕਰਦੀ ਹੈ।** ਆਰਚ **(ARCH)** ਇਹ ਸੇਵਾਵਾਂ ਫ਼ੋਨ ਰਾਹੀਂ ਮੁਹੱਈਆ ਕਰਦੀ ਹੈ। ਜੇ ਆਪਣੀ ਅਯੋਗਤਾ ਕਾਰਨ ਤੁਸੀਂ ਸਾਡੇ ਨਾਲ ਫ਼ੋਨ 'ਤੇ ਗੱਲ ਨਹੀਂ ਬੋਲ ਸਕਦੇ ਤਾਂ ਅਸੀਂ ਤੁਹਾਡੇ ਨਾਲ ਉਸੇ ਢੰਗ ਰਾਹੀਂ ਗੱਲਬਾਤ ਕਰਾਂਗੇ ਜੋ ਤੁਹਾਡੀ ਲੋੜ ਅਨੁਸਾਰ ਹੋਵੇ।

425 Bloor Street East, Suite 110
Toronto, Ontario, M4W 3R5
ਫ਼ੋਨ : 416-482-8255
ਟੋਲ ਫ੍ਰੀਅ Toll-free 1-866-482-2724
ਟੀ ਟੀ ਵਾਈ 416-482-1254
ਟੋਲ ਫ੍ਰੀਅ 1-866-482-2728
ਫੈਕਸ 416-482-2981
ਟੋਲ ਫ੍ਰੀਅ 1-866-881-2723
[www.archdisabilitylaw.ca](http://www.archdisabilitylaw.ca)